ਮਿੱਠੇ ਬੱਚੇ:- ਸ਼੍ਰੀਮਤ ਤੇ ਕਲਿਆਣਕਾਰੀ ਬਣਨਾ ਹੈ , ਸਭਨੂੰ ਸੁਖ ਦਾ ਰਸਤਾ ਦੱਸਣਾ ਹੈ "

ਪ੍ਰਸ਼ਨ:- ਕਿਸੇ ਵੀ ਤਰ੍ਹਾਂ ਦੀ ਗਫ਼ਲਤ ਹੋਣ ਦਾ ਮੁੱਖ ਕਾਰਨ ਕੀ ਹੈ?

ਉੱਤਰ:- ਦੇਹ - ਅਭਿਮਾਨ। ਦੇਹ ਅਭਿਮਾਨ ਦੇ ਕਾਰਨ ਹੀ ਬੱਚਿਆਂ ਤੋਂ ਬਹੁਤ ਭੁੱਲਾਂ ਹੁੰਦੀਆਂ ਹਨ। ਉਹ ਸਰਵਿਸ ਵੀ ਨਹੀ ਕਰ ਸਕਦੇ ਹਨ। ਉਨ੍ਹਾਂ ਤੋਂ ਅਜਿਹਾ ਕਰਮ ਹੁੰਦਾ ਹੈ ਜੋ ਸਭ ਨਫਰਤ ਕਰਦੇ ਹਨ। ਬਾਬਾ ਕਹਿੰਦੇ - ਬੱਚੇ ਆਤਮ - ਅਭਿਮਾਨੀ ਬਣੋ। ਕੋਈ ਵੀ ਅਕਰਤੱਵਿਆ ਨਹੀਂ ਕਰੋ। ਸ਼ੀਰਖੰਡ ਹੋ ਸਰਵਿਸ ਦੇ ਚੰਗੇ - ਚੰਗੇ ਪਲਾਨ ਬਣਾਓ। ਮੁਰਲੀ ਸੁਣਕੇ ਧਾਰਨ ਕਰੋ, ਇਸ ਵਿੱਚ ਬੇਪਰਵਾਹ ਨਹੀਂ ਬਣੋ।

ਗੀਤ:- ਛੋੜ ਭੀ ਦੇ ਆਕਾਸ਼ ਸਿੰਘਾਸਨ...

ਓਮ ਸ਼ਾਂਤੀ। ਰੂਹਾਨੀ ਬੱਚਿਆਂ ਪ੍ਰਤੀ ਰੂਹਾਨੀ ਬਾਪ ਦੀ ਸ਼੍ਰੀਮਤ। ਹੁਣ ਅਸੀਂ ਸਭ ਸੈਂਟਰਜ ਦੇ ਬੱਚਿਆਂ ਨਾਲ ਗੱਲ ਕਰ ਰਹੇ ਹਾਂ। ਹੁਣ ਜੋ ਤ੍ਰਿਮੂਰਤੀ, ਗੋਲਾ, ਝਾੜ, ਸੀੜੀ, ਲਕਸ਼ਮੀ - ਨਾਰਾਇਣ ਦਾ ਚਿੱਤਰ ਅਤੇ ਕ੍ਰਿਸ਼ਨ ਦਾ ਚਿੱਤਰ - ਇਹ 6 ਚਿੱਤਰ ਹਨ ਮੁੱਖ। ਇਹ ਜਿਵੇਂ ਪੂਰੀ ਪ੍ਰਦਰਸ਼ਨੀ ਹੈ, ਇਸ ਵਿੱਚ ਸਾਰਾ ਸਾਰ ਆ ਜਾਂਦਾ ਹੈ। ਜਿਵੇਂ ਨਾਟਕ ਦੇ ਪਰਦੇ ਬਣਾਏ ਜਾਂਦੇ ਹਨ, ਐਡਵਰਟਾਈਜ਼ ਦੇ ਲਈ। ਉਹ ਕਦੇ ਬਰਸਾਤ ਆਦਿ ਵਿੱਚ ਖਰਾਬ ਨਹੀਂ ਹੁੰਦੇ ਹਨ। ਇਵੇਂ ਇਹ ਮੁੱਖ ਚਿੱਤਰ ਬਣਾਉਣੇ ਚਾਹੀਦੇ ਹਨ। ਬੱਚਿਆਂ ਨੂੰ ਸ਼੍ਰੀਮਤ ਮਿਲਦੀ ਹੈ ਰੂਹਾਨੀ ਸਰਵਿਸ ਵਧਾਉਣ ਦੇ ਲਈ, ਭਾਰਤਵਾਸੀ ਮਨੁੱਖਾਂ ਦਾ ਕਲਿਆਣ ਕਰਨ ਦੇ ਲਈ। ਗਾਉਂਦੇ ਵੀ ਹਨ - ਕਲਿਆਣਕਾਰੀ ਬੇਹੱਦ ਦਾ ਬਾਪ ਹੈ ਤਾਂ ਜ਼ਰੂਰ ਕੋਈ ਅਕਲਿਆਣਕਾਰੀ ਵੀ ਹੋਵੇਗਾ। ਜਿਸ ਕਾਰਨ ਬਾਪ ਨੂੰ ਆਕੇ ਫਿਰ ਕਲਿਆਣ ਕਰਨਾ ਪੈਂਦਾ ਹੈ। ਰੂਹਾਨੀ ਬੱਚੇ ਜਿਨ੍ਹਾਂ ਦਾ ਕਲਿਆਣ ਹੋ ਰਿਹਾ ਹੈ, ਉਹ ਇਨ੍ਹਾਂ ਗੱਲਾਂ ਨੂੰ ਸਮਝ ਸਕਦੇ ਹਨ। ਜਿਵੇਂ ਸਾਡਾ ਕਲਿਆਣ ਹੋਇਆ ਹੈ ਤਾਂ ਅਸੀਂ ਦੂਸਰਿਆਂ ਦਾ ਵੀ ਕਰੀਏ। ਜਿਵੇਂ ਬਾਪ ਨੂੰ ਵੀ ਚਿੰਤਨ ਚਲਦਾ ਹੈ ਕਿ ਕਿਵੇਂ ਕਲਿਆਣ ਕਰਾਂ। ਯੁਕਤੀਆਂ ਦੱਸ ਰਹੇ ਹਨ। 6 ਬਾਈ 9 ਸਾਈਜ਼ ਦੇ ਸ਼ੀਟ ਤੇ ਇਹ ਚਿੱਤਰ ਬਨਾਉਣੇ ਚਾਹੀਦੇ ਹਨ। ਦਿੱਲੀ ਵਰਗੇ ਸ਼ਹਿਰਾਂ ਵਿੱਚ ਅਕਸਰ ਕਰਕੇ ਬਹੁਤ ਮਨੁੱਖ ਆਉਂਦੇ ਹਨ। ਜਿੱਥੇ ਗੌਰਮਿੰਟ ਦੀ ਅਸੈਂਬਲੀ ਆਦਿ ਹੁੰਦੀ ਹੈ। ਸੈਕਟਰੀਏਟ ਵਲ ਬਹੁਤ ਲੋਕੀ ਆਉਂਦੇ ਹਨ, ਉੱਥੇ ਇਹ ਚਿੱਤਰ ਰੱਖਣੇ ਚਾਹੀਦੇ ਹਨ। ਬਹੁਤਿਆਂ ਦਾ ਕਲਿਆਣ ਕਰਨ ਲਈ ਬਾਪ ਮਤ ਦਿੰਦੇ ਹਨ। ਇਵੇਂ ਟੀਨ ਤੇ ਬਹੁਤ ਚਿੱਤਰ ਬਣ ਸਕਦੇ ਹਨ। ਦੇਹੀ - ਅਭਿਮਾਨੀ ਬਣ ਬਾਪ ਦੀ ਸਰਵਿਸ ਵਿੱਚ ਲੱਗਣਾ ਹੈ। ਬਾਪ ਰਾਏ ਦਿੰਦੇ ਹਨ - ਇਹ ਚਿੱਤਰ ਹਿੰਦੀ ਅਤੇ ਅੰਗਰੇਜ਼ੀ ਵਿੱਚ ਬਨਾਉਣੇ ਚਾਹੀਦੇ ਹਨ। ਇਹ 6 ਚਿੱਤਰ ਮੁੱਖ ਜਗ੍ਹਾ ਤੇ ਲੱਗ ਜਾਣ। ਜੇਕਰ ਅਜਿਹੇ ਮੁੱਖ ਜਗ੍ਹਾ ਤੇ ਲੱਗ ਜਾਣ ਤਾਂ ਤੁਹਾਡੇ ਕੋਲ ਸੈਂਕੜੇ ਸਮਝਣ ਦੇ ਲਈ ਆਉਣਗੇ। ਪਰੰਤੂ ਬੱਚਿਆਂ ਨੂੰ ਦੇਹ - ਅਭਿਮਾਨ ਹੋਣ ਦੇ ਕਾਰਨ ਬਹੁਤ ਭੁੱਲਾਂ ਹੁੰਦੀਆਂ ਹਨ। ਇਵੇਂ ਕੋਈ ਨਾ ਸਮਝੇ ਕਿ ਮੈਂ ਪੱਕਾ ਦੇਹੀ - ਅਭਿਮਾਨੀ ਹਾਂ। ਗਲਤੀਆਂ ਤਾਂ ਬਹੁਤ ਹੁੰਦੀਆਂ ਹਨ, ਸੱਚ ਨਹੀਂ ਦੱਸਦੇ ਹਨ। ਸਮਝਾਇਆ ਜਾਂਦਾ ਹੈ, ਅਜਿਹਾ ਕੋਈ ਕੰਮ ਨਹੀਂ ਕਰੋ ਜੋ ਕੋਈ ਖਰਾਬ ਨਫਰਤ ਲਿਆਵੇ ਕਿ ਇਨ੍ਹਾਂ ਵਿੱਚ ਦੇਹ - ਅਭਿਮਾਨ ਹੈ। ਤੁਸੀਂ ਸਦਾ ਯੁੱਧ ਦੇ ਮੈਦਾਨ ਵਿੱਚ ਹੋ। ਹੋਰ ਜਗ੍ਹਾ ਤੇ 10 - 20 ਸਾਲ ਤੱਕ ਯੁੱਧ ਚਲਦੀ ਹੈ। ਤੁਹਾਡੀ ਮਾਇਆ ਨਾਲ ਅੰਤ ਤੱਕ ਯੁੱਧ ਚਲਣੀ ਹੈ। ਪਰੰਤੂ ਹੈ ਗੁਪਤ , ਜਿਸਨੂੰ ਕੋਈ ਜਾਣ ਨਹੀਂ ਸਕਦੇ। ਗੀਤਾ ਵਿੱਚ ਜੋ ਮਹਾਭਾਰਤ ਲੜ੍ਹਾਈ ਹੈ, ਉਹ ਜਿਸਮਾਨੀ ਵਿਖਾਈ ਹੈ। ਪਰ ਹੈ ਇਹ ਰੂਹਾਨੀ। ਰੂਹਾਨੀ ਯੁੱਧ ਹੈ ਪਾਂਡਵਾਂ ਦੀ। ਉਹ ਜਿਸਮਾਨੀ ਯੁੱਧ ਹੈ ਜੋ ਪਰਮਪਿਤਾ ਪ੍ਰਮਾਤਮਾ ਨਾਲ ਵਿਪ੍ਰੀਤ ਬੁੱਧੀ ਹਨ। ਤੁਹਾਡੀ ਬ੍ਰਾਹਮਣਾਂ ਕੁਲਭੂਸ਼ਨਾਂ ਦੀ ਹੈ ਪ੍ਰੀਤ ਬੁੱਧੀ। ਤੁਸੀਂ ਹੋਰ ਸੰਗ ਤੋੜ ਇੱਕ ਬਾਪ ਦੇ ਨਾਲ ਜੋੜੀ ਹੈ। ਬਹੁਤ ਵਾਰੀ ਦੇਹ - ਅਭਿਮਾਨ ਆਉਣ ਦੇ ਕਾਰਨ ਭੁੱਲ ਜਾਂਦੇ ਹਨ ਫਿਰ ਆਪਣੀ ਹੀ ਪਦਵੀ ਭ੍ਰਿਸ਼ਟ ਕਰ ਲੈਂਦੇ ਹਨ। ਫਿਰ ਅੰਤ ਵਿੱਚ ਬਹੁਤ ਪਛਤਾਉਣਾ ਪਵੇਗਾ। ਕੁਝ ਕਰ ਨਹੀਂ ਸਕਣਗੇ। ਇਹ ਕਲਪ - ਕਲਪ ਦੀ ਬਾਜ਼ੀ ਹੈ। ਇਸ ਸਮੇਂ ਕੋਈ ਅਕਰਤਵਿਆ ਕੰਮ ਕਰਦੇ ਹਨ ਤਾਂ ਕਲਪ - ਕਲਪਾਂਤਰ ਦੇ ਲਈ ਪਦਵੀ ਭ੍ਰਿਸ਼ਟ ਹੋ ਜਾਂਦੀ ਹੈ। ਬਹੁਤ ਘਾਟਾ ਪੈ ਜਾਂਦਾ ਹੈ।

ਬਾਪ ਕਹਿੰਦੇ ਹਨ - ਅੱਗੇ ਤੁਸੀਂ 100 ਪ੍ਰਤੀਸ਼ਤ ਘਾਟੇ ਵਿੱਚ ਸੀ। ਹੁਣ ਬਾਪ 100 ਪ੍ਰਤੀਸ਼ਤ ਫਾਇਦੇ ਵਿੱਚ ਲੈ ਜਾਂਦੇ ਹਨ। ਤਾਂ ਸ਼੍ਰੀਮਤ ਤੇ ਚੱਲਣਾ ਹੈ। ਹਰ ਇੱਕ ਬੱਚੇ ਨੂੰ ਕਲਿਆਣਕਾਰੀ ਬਣਨਾ ਹੈ। ਸਭਨੂੰ ਸੁਖ ਦਾ ਰਸਤਾ ਦੱਸਣਾ ਹੈ। ਸੁਖ ਹੈ ਹੀ ਸਵਰਗ ਵਿੱਚ, ਨਰਕ ਵਿੱਚ ਹੈ ਦੁਖ। ਕਿਉਂ? ਇਹ ਹੈ ਵਿਸ਼ਸ਼ ਦੁਨੀਆਂ, ਉਹ ਵਾਈਸਲੈਸ ਸੀ, ਹੁਣ ਵਿਸ਼ਸ਼ ਦੁਨੀਆਂ ਬਣੀ ਹੈ, ਫਿਰ ਬਾਪ ਵਾਈਸਲੈਸ ਬਨਾਉਂਦੇ ਹਨ। ਇਨ੍ਹਾਂ ਗੱਲਾਂ ਨੂੰ ਦੁਨੀਆਂ ਵਿੱਚ ਕੋਈ ਨਹੀਂ ਜਾਣਦੇ ਹਨ। ਤਾਂ ਮੁੱਖ ਇਹ ਚਿੱਤਰ ਪਰਮਾਨੈਂਟ ਜਗ੍ਹਾ ਤੇ ਲੱਗਣੇ ਚਾਹੀਦੇ ਹਨ। ਪਹਿਲਾ ਨੰਬਰ ਦਿੱਲੀ ਮੁੱਖ, ਸੈਕਿੰਡ ਬਾਂਬੇ ਅਤੇ ਕਲਕੱਤਾ, ਕਿਸੇ ਨੂੰ ਆਰਡਰ ਦੇਣ ਨਾਲ ਸ਼ੀਟ ਤੇ ਬਣਵਾ ਸਕਦੇ ਹੋ। ਆਗਰੇ ਵਿੱਚ ਵੀ ਘੁੰਮਣ ਦੇ ਲਈ ਬਹੁਤ ਜਾਂਦੇ ਹਨ। ਬੱਚੇ ਸਰਵਿਸ ਤਾਂ ਬਹੁਤ ਵਧੀਆ ਕਰ ਰਹੇ ਹਨ ਹੋਰ ਵੀ ਕੁਝ ਕਰਤਵਿਆ ਕਰਕੇ ਵਿਖਾਉਣ। ਇਹ ਚਿੱਤਰ ਬਨਾਉਣ ਵਿੱਚ ਕੋਈ ਤਕਲੀਫ ਨਹੀਂ ਹੈ। ਸਿਰਫ਼ ਐਕਸਪੀਰੀਐਂਸ ( ਅਨੁਭਵ )ਚਾਹੀਦਾ ਹੈ। ਚੰਗੇ ਵੱਡੇ ਚਿੱਤਰ ਹੋਣ ਜੋ ਕੋਈ ਦੂਰ ਤੋਂ ਵੀ ਪੜ੍ਹ ਸਕਣ। ਗੋਲਾ ਵੀ ਵੱਡਾ ਬਣ ਸਕਦਾ ਹੈ। ਸੇਫਟੀ ਨਾਲ ਰੱਖਣਾ ਪਵੇ ਜੋ ਕੋਈ ਖਰਾਬ ਨਾ ਕਰੇ। ਯਗ ਵਿੱਚ ਆਸੁਰਾਂ ਦੇ ਵਿਘਨ ਪੈਂਦੇ ਹਨ ਕਿਉਂਕਿ ਇਹ ਹੈ ਨਵੀਂ ਗੱਲ। ਇਹ ਦੁਕਾਨ ਨਿਕਾਲ ਬੈਠੇ ਹਨ। ਆਖਿਰ ਵਿੱਚ ਸਾਰੇ ਸਮਝ

ਜਾਣਗੇ ਕਿ ਅਸੀਂ ਉੱਤਰਦੇ ਆਏ ਹਾਂ, ਜਰੂਰ ਕੁਝ ਖਾਮੀ ਹੈ। ਬਾਪ ਹੈ ਹੀ ਕਲਿਆਣਕਾਰੀ। ਉਹ ਹੀ ਦੱਸ ਸਕਦੇ ਹਨ ਕਿ ਭਾਰਤ ਦਾ ਕਲਿਆਣ ਕਿਵੇਂ ਅਤੇ ਕਦੋਂ ਹੋਵੇਗਾ। ਭਾਰਤ ਨੂੰ ਤਮੋਪ੍ਰਧਾਨ ਕੌਣ ਬਨਾਉਂਦੇ ਹਨ ਫਿਰ ਸਤੋਪ੍ਰਧਾਨ ਕੌਣ ਬਣਾਉਂਦੇ ਹਨ, ਇਹ ਚੱਕਰ ਕਿਵੇਂ ਫਿਰਦਾ ਹੈ, ਕੋਈ ਨਹੀਂ ਜਾਣਦੇ ਹਨ। ਸੰਗਮਯੁਗ ਨੂੰ ਵੀ ਨਹੀਂ ਜਾਣਦੇ ਹਨ। ਸਮਝਦੇ ਹਨ ਭਗਵਾਨ ਯੁਗੇ - ਯੁਗੇ ਆਉਂਦਾ ਹੈ। ਕਦੇ ਕਹਿੰਦੇ ਹਨ ਭਗਵਾਨ ਤਾਂ ਨਾਮ ਰੂਪ ਤੋਂ ਨਿਆਰਾ ਹੈ। ਭਾਰਤ ਪ੍ਰਾਚੀਨ ਸਵਰਗ ਸੀ। ਇਹ ਵੀ ਕਹਿੰਦੇ ਹਨ ਕ੍ਰਾਇਸਟ ਤੋਂ 3 ਹਜ਼ਾਰ ਵਰ੍ਹੇ ਪਹਿਲੋਂ ਦੇਵਤਿਆਂ ਦਾ ਰਾਜ ਸੀ ਫਿਰ ਕਲਪ ਦੀ ਉੱਮਰ ਲੰਬੀ ਦੇ ਦਿੱਤੀ ਹੈ, ਤਾਂ ਬੱਚਿਆਂ ਨੂੰ ਦੇਹੀ - ਅਭਿਮਾਨੀ ਬਣਨ ਦੀ ਬਹੁਤ ਮਿਹਨਤ ਕਰਨੀ ਹੈ। ਅਧਾਕਲਪ ਸਤਿਯੁਗ ਅਤੇ ਤ੍ਰੇਤਾ ਵਿੱਚ ਤੁਸੀਂ ਆਤਮ - ਅਭਿਮਾਨੀ ਸੀ ਪਰੰਤੂ ਪਰਮਾਤਮ - ਅਭਿਮਾਨੀ ਨਹੀਂ ਸੀ। ਇੱਥੇ ਤਾਂ ਤੁਸੀਂ ਫਿਰ ਦੇਹੀ - ਅਭਿਮਾਨੀ ਬਣ ਪਏ ਹੋ। ਫਿਰ ਦੇਹੀ ਦੇਹੀ - ਅਭਿਮਾਨੀ ਬਣਨਾ ਪਵੇ। ਯਾਤ੍ਰਾ ਅੱਖਰ ਵੀ ਹੈ ਪਰੰਤੂ ਮਤਲਬ ਨਹੀਂ ਸਮਝਦੇ ਹਨ। ਮਨਮਨਾਭਵ ਦਾ ਅਰਥ ਹੈ ਰੂਹਾਨੀ ਯਾਤ੍ਰਾ ਤੇ ਰਹੋ। ਹੇ ਆਤਮਾਓ ਮੈਨੂੰ ਬਾਪ ਨੂੰ ਯਾਦ ਕਰੋ। ਕ੍ਰਿਸ਼ਨ ਤਾਂ ਇੰਝ ਕਹਿ ਨਹੀਂ ਸਕਦਾ। ਉਹ ਗੀਤਾ ਦਾ ਭਗਵਾਨ ਕਿਵੇਂ ਹੋ ਸਕਦਾ ਹੈ। ਉਨ੍ਹਾਂ ਤੇ ਕੋਈ ਕਲੰਕ ਲਗਾ ਨਹੀਂ ਸਕਦਾ। ਇਹ ਵੀ ਬਾਪ ਨੇ ਸਮਝਾਇਆ ਹੈ ਸੀੜੀ ਜਦੋਂ ਉਤਰੇ ਹੋ ਤਾਂ ਅਧਾਕਲਪ ਕਾਮ ਚਿਤਾ ਤੇ ਬੈਠ ਕਾਲੇ ਹੋ ਜਾਂਦੇ ਹੋ। ਹੁਣ ਹੈ ਹੀ ਆਇਰਨ ਏਜ਼। ਉਨ੍ਹਾਂ ਦੀ ਸੰਪਰਦਾਈ ਕਾਲੀ ਹੀ ਹੋਵੇਗੀ। ਪਰੰਤੂ ਸਭ ਦਾ ਸਾਂਵਰਾਂ ਰੂਪ ਕਿਵੇਂ ਬਨਾਉਣ। ਚਿੱਤਰ ਆਦਿ ਜੋ ਵੀ ਬਣਾਏ ਹਨ ਸਭ ਬੇਸਮਝੀ ਦੇ। ਉਸਨੂੰ ਹੀ ਸ਼ਾਮ ਫਿਰ ਸੁੰਦਰ ਕਹਿਣਾ … ਇਹ ਕਿਵੇਂ ਹੋ ਸਕਦਾ ਹੈ। ਉਨ੍ਹਾਂਨੂੰ ਹੀ ਕਿਹਾ ਜਾਂਦਾ ਹੈ ਅੰਧਸ਼ਰਧਾ ਨਾਲ ਗੁੱਡੀਆਂ ਦੀ ਪੂਜਾ ਕਰਨ ਵਾਲੇ। ਗੁੱਡੀਆਂ ਦਾ ਨਾਮ ਰੂਪ ਆਕਉਪੇਸ਼ਨ ਕੋਈ ਹੋ ਨਹੀਂ ਸਕਦਾ। ਤੁਸੀਂ ਵੀ ਪਹਿਲੋਂ ਗੁੱਡੀਆਂ ਦੀ ਪੂਜਾ ਕਰਦੇ ਸੀ ਨਾ। ਅਰਥ ਕੁਝ ਵੀ ਨਹੀਂ ਸਮਝਦੇ ਸੀ। ਤਾਂ ਬਾਬਾ ਨੇ ਸਮਝਾਇਆ ਹੈ - ਪ੍ਰਦਰਸ਼ਨੀ ਦੇ ਚਿੱਤਰ ਮੁੱਖ ਬਣ ਜਾਣ। ਕਮੇਟੀ ਬਣੇ ਜੋ ਪ੍ਰਦਰਸ਼ਨੀ ਪਿਛਾੜੀ ਪ੍ਰਦਰਸ਼ਨੀ ਕਰਦੀ ਰਹੇ। ਬਧੰਨਮੁਕਤ ਤਾਂ ਬਹੁਤ ਹਨ। ਕੰਨਿਆਵਾਂ ਬੰਧਨ ਮੁਕਤ ਹਨ। ਵਾਣਪ੍ਰਸਥੀ ਵੀ ਬੰਧਨਮੁਕਤ ਹਨ। ਤਾਂ ਬੱਚਿਆਂ ਨੂੰ ਡਾਇਰੈਕਸ਼ਨ ਅਮਲ ਵਿੱਚ ਲਿਆਉਣਾ ਚਾਹੀਦਾ ਹੈ। ਇਹ ਹਨ ਗੁਪਤ ਪਾਂਡਵ। ਕਿਸੇ ਨੂੰ ਵੀ ਪਹਿਚਾਣ ਵਿੱਚ ਨਹੀਂ ਆ ਸਕਦੇ। ਬਾਪ ਵੀ ਗੁਪਤ, ਗਿਆਨ ਵੀ ਗੁਪਤ। ਉੱਥੇ ਮਨੁੱਖ, ਮਨੁੱਖਾਂ ਨੂੰ ਗਿਆਨ ਦਿੰਦੇ ਹਨ। ਇੱਥੇ ਪਰਮਾਤਮਾ ਬਾਪ ਦਿੰਦੇ ਹਨ ਆਤਮਾਵਾਂ ਨੂੰ। ਪਰੰਤੂ ਇਹ ਨਹੀਂ ਸਮਝਦੇ ਕਿ ਆਤਮਾ ਗਿਆਨ ਲੈਂਦੀ ਹੈ ਕਿਉਂਕਿ ਇਹ ਆਤਮਾ ਨੂੰ ਨਿਰਲੇਪ ਕਹਿ ਦਿੰਦੇ ਹਨ। ਅਸਲ ਵਿੱਚ ਆਤਮਾ ਹੀ ਸਭ ਕੁਝ ਕਰਦੀ ਹੈ। ਪੁਨਰਜਨਮ ਆਤਮਾ ਲੈਂਦੀ ਹੈ, ਕਰਮਾਂ ਦੇ ਅਨੁਸਾਰ। ਬਾਪ ਉਹ ਸਾਰੇ ਪੁਆਇੰਟਸ ਚੰਗੀ ਤਰ੍ਹਾਂ ਬੁੱਧੀ ਵਿੱਚ ਪਾਉਂਦੇ ਹਨ। ਸਾਰੇ ਸੈਂਟਰਾਂ ਵਿੱਚ ਨੰਬਰਵਾਰ ਦੇਹੀ - ਅਭਿਮਾਨੀ ਹਨ। ਜੋ ਚੰਗੀ ਤਰ੍ਹਾਂ ਸਮਝਦੇ ਹਨ ਅਤੇ ਫਿਰ ਸਮਝਾਉਂਦੇ ਹਨ। ਦੇਹ - ਅਭਿਮਾਨੀ ਨਾ ਕੁਝ ਸਮਝਦੇ ਹਨ ਨਾ ਸਮਝਾ ਸਕਦੇ ਹਨ। ਮੈਂ ਕੁਝ ਸਮਝਦੀ ਨਹੀਂ ਹਾਂ, ਇਹ ਵੀ ਅਭਿਮਾਨ ਹੈ। ਅਰੇ ਤੁਸੀਂ ਤਾਂ ਆਤਮਾ ਹੋ। ਬਾਪ ਆਤਮਾਵਾਂ ਨੂੰ ਬੈਠ ਸਮਝਾਉਂਦੇ ਹਨ। ਦਿਮਾਗ ਹੀ ਖੁਲ੍ਹ ਜਾਣਾ ਚਾਹੀਦਾ ਹੈ। ਤਕਦੀਰ ਵਿੱਚ ਨਹੀਂ ਹੈ ਤਾਂ ਖੁੱਲ੍ਹਦਾ ਹੀ ਨਹੀਂ। ਤਾਂ ਬਾਪ ਤਦਬੀਰ ਕਰਵਾਉਂਦੇ ਹਨ ਪ੍ਰੰਤੂ ਤਕਦੀਰ ਵਿੱਚ ਨਹੀਂ ਹੈ ਤਾਂ ਪੁਰਾਸ਼ਰਥ ਵੀ ਨਹੀਂ ਕਰਦੇ ਹਨ। ਹੈ ਬਹੁਤ ਸਹਿਜ। ਅਲਫ਼ ਅਤੇ ਬੇ ਸਮਝਣਾ ਹੈ। ਬੇਹੱਦ ਦੇ ਬਾਪ ਤੋਂ ਵਰਸਾ ਮਿਲਦਾ ਹੈ। ਤੁਸੀਂ ਭਾਰਤਵਾਸੀ ਸਾਰੇ ਗੌਡ ਗੌਡਜ਼ ਸੀ। ਪ੍ਰਜਾ ਵੀ ਅਜਿਹੀ ਸੀ। ਇਸ ਵਕਤ ਪਤਿਤ ਬਣ ਪਏ ਹਨ। ਕਿੰਨਾਂ ਸਮਝਾਇਆ ਜਾਂਦਾ ਹੈ। ਆਪਣੇ ਨੂੰ ਆਤਮਾ ਸਮਝ ਬਾਪ ਨੂੰ ਯਾਦ ਕਰੋ। ਬਾਪ ਕਹਿੰਦੇ ਹਨ ਬੱਚੇ ਮੈਂ ਤੁਹਾਨੂੰ ਗੌਡ ਗੌਡੇਜ਼ ਬਣਾਇਆ। ਤੁਸੀਂ ਹੁਣ ਕੀ ਬਣ ਗਏ ਹੋ। ਇਹ ਹੈ ਕੁੰਭੀ ਪਾਕ ਨਰਕ। ਵਿਸ਼ੇ ਵੈਤਰਨੀ ਨਦੀ ਵਿੱਚ ਮਨੁੱਖ, ਜਾਨਵਰ, ਪੰਛੀ ਆਦਿ ਸਭ ਇੱਕ ਜਿਹੇ ਵਿਖਾਉਂਦੇ ਹਨ। ਇੱਥੇ ਤਾਂ ਮਨੁੱਖ ਹੋਰ ਹੀ ਖਰਾਬ ਹੋਏ ਪਏ ਹਨ। ਮਨੁੱਖਾਂ ਵਿੱਚ ਕ੍ਰੋਧ ਵੀ ਕਿੰਨਾ ਹੈ। ਲੱਖਾਂ ਨੂੰ ਮਾਰ ਦਿੰਦੇ ਹਨ। ਭਾਰਤ ਜੋ ਵੈਸ਼ਾਲਿਆ ਬਣਿਆ ਹੈ ਫਿਰ ਇਸਨੂੰ ਸ਼ਿਵਾਲਾ ਸ਼ਿਵਬਾਬਾ ਹੀ ਬਨਾਉਂਦੇ ਹਨ। ਬਾਪ ਕਿੰਨਾ ਚੰਗੀ ਤਰ੍ਹਾਂ ਸਮਝਾਉਂਦੇ ਹਨ। ਡਾਇਰੈਕਸ਼ਨ ਦਿੰਦੇ ਹਨ ਇਵੇਂ - ਇਵੇਂ ਕਰੋ। ਚਿੱਤਰ ਬਣਾਓ। ਫਿਰ ਜੋ ਵੱਡੇ - ਵੱਡੇ ਮਨੁੱਖ ਹਨ ਉਨ੍ਹਾਂਨੂੰ ਸਮਝਾਓ। ਇਹ ਪ੍ਰਾਚੀਨ ਯੋਗ, ਪ੍ਰਾਚੀਨ ਨਾਲੇਜ਼ ਸਭ ਨੂੰ ਸੁਣਨੀ ਚਾਹੀਦੀ ਹੈ। ਹਾਲ ਲੈਕੇ ਪ੍ਰਦਰਸ਼ਨੀ ਲਗਾਉਣੀ ਹੈ। ਉਨ੍ਹਾਂ ਨੂੰ ਤੇ ਪੈਸੇ ਆਦਿ ਕੁਝ ਨਹੀਂ ਲੈਣੇ ਚਾਹੀਦੇ। ਫਿਰ ਜੋ ਵੀ ਠੀਕ ਸਮਝੋ ਤਾਂ ਕਿਰਾਇਆ ਲਵੋ। ਚਿੱਤਰ ਤਾਂ ਤੁਸੀਂ ਵੇਖੋ, ਚਿੱਤਰ ਵੇਖਣਗੇ ਤਾਂ ਫਿਰ ਝੱਟ ਪੈਸੇ ਵਾਪਿਸ ਕਰ ਦੇਣਗੇ। ਸਿਰ੍ਫ ਯੁਕਤੀ ਨਾਲ ਸਮਝਾਉਣਾ ਚਾਹੀਦਾ ਹੈ। ਅਥਾਰਿਟੀ ਤਾਂ ਹੱਥ ਵਿੱਚ ਰਹਿੰਦੀ ਹੈ ਨਾ। ਭਾਵੇਂ ਤਾਂ ਸਭ ਕੁਝ ਕਰ ਸਕਦੇ ਹੋ। ਉਹ ਥੋੜ੍ਹੀ ਨਾ ਸਮਝਦੇ ਹਨ, ਵਿਨਾਸ਼ ਕਾਲੇ ਵਪ੍ਰੀਤ ਬੁੱਧੀ ਤਾਂ ਵਿਨਾਸ਼ ਨੂੰ ਪ੍ਰਾਪਤ ਹੋ ਗਏ। ਪਾਂਡਵਾਂ ਨੇ ਤਾਂ ਭਵਿੱਖ ਵਿੱਚ ਪਦਵੀ ਪਾਈ ਹੈ। ਸੋ ਵੀ ਰਾਜ ਪਿੱਛੋਂ ਭਵਿੱਖ ਵਿੱਚ ਹੋਵੇਗਾ। ਹੁਣੇ ਥੋੜ੍ਹੀ ਨਾ ਹੋਵੇਗਾ। ਇਹ ਮਕਾਨ ਆਦਿ ਸਭ ਟੁੱਟ ਜਾਣਗੇ। ਹੁਣ ਬਾਪ ਨੇ ਸਮਝਾਇਆ ਹੈ ਪ੍ਰਦਰਸ਼ਨੀ ਵੀ ਕਰਨੀ ਚਾਹੀਦੀ ਹੈ। ਖੂਬ ਚੰਗੀ ਤਰ੍ਹਾਂ ਕਾਰਡ ਤੇ ਨਿਮੰਤਰਨ ਦੇਣਾ ਹੈ। ਤੁਸੀਂ ਪਹਿਲਾਂ ਵੱਡਿਆਂ ਨੂੰ ਸਮਝਾਓ ਤਾਂ ਮਦਦ ਵੀ ਕਰਨਗੇ। ਬਾਕੀ ਸੁੱਤੇ ਨਹੀਂ ਰਹਿਣਾ ਹੈ। ਕਈ ਬੱਚੇ ਦੇਹ - ਅਭਿਮਾਨ ਵਿੱਚ ਸੁੱਤੇ ਰਹਿੰਦੇ ਹਨ। ਕਮੇਟੀ ਬਣਾਏ ਸ਼ੀਰਖੰਡ ਹੋ ਪਲਾਨ ਬਨਾਉਣਾ ਚਾਹੀਦਾ ਹੈ। ਬਾਕੀ ਮੁਰਲੀ ਨਹੀਂ ਪੜ੍ਹੋਗੇ ਤਾਂ ਧਾਰਨਾ ਕਿਵੇਂ ਹੋਵੇਗੀ। ਅਜਿਹੇ ਬਹੁਤ ਲਗਰਜ਼ (ਬੇਪ੍ਰਵਾਹ) ਹਨ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ । ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਦੇਹੀ - ਅਭਿਮਾਨੀ ਬਣਕੇ ਵੱਖ - ਵੱਖ ਤਰੀਕੇ ਕੱਢਣੇ ਹਨ। ਆਪਸ ਵਿੱਚ ਸ਼ੀਰਖੰਡ ਹੋਕੇ ਸਰਵਿਸ ਕਰਨੀ ਹੈ। ਜਿਵੇਂ ਬਾਪ

ਕਲਿਆਣਕਾਰੀ ਹੈ ਇਵੇਂ ਕਲਿਆਣਕਾਰੀ ਬਣਨਾ ਹੈ।

2. ਪ੍ਰੀਤ ਬੁੱਧੀ ਬਣ ਹੋਰ ਸੰਗ ਤੋੜ ਇੱਕ ਸੰਗ ਜੋੜਨਾ ਹੈ। ਕੋਈ ਅਜਿਹਾ ਅਕਰਤਵਿਆ ਨਹੀਂ ਕਰਨਾ ਹੈ ਜੋ ਕਲਪ - ਕਲਪਾਂਤਰ ਲਈ ਨੁਕਸਾਨ ਹੋ ਜਾਵੇ।

ਵਰਦਾਨ:- ਬੇਹੱਦ ਦੀ ਵੈਰਾਗ ਵ੍ਰਿਤੀ ਦ੍ਵਾਰਾ ਨਸ਼ਟੋਮੋਹਾ ਸਮ੍ਰਿਤੀ ਸਵਰੂਪ ਬਣ ਵਾਲੇ ਅਚਲ - ਅਡੋਲ ਭਵ।

ਜੋ ਸਦਾ ਬੇਹੱਦ ਦੇ ਵੈਰਾਗ ਵ੍ਰਿਤੀ ਵਿਚ ਰਹਿੰਦੇ ਹਨ ਉਹ ਕਦੇ ਕਿਸੇ ਵੀ ਦ੍ਰਿਸ਼ ਨੂੰ ਵੇਖ ਘਬਰਾਉਂਦੇ ਜਾਂ ਹਿੱਲਦੇ ਨਹੀਂ, ਸਦਾ ਅਚਲ - ਅਡੋਲ ਰਹਿੰਦੇ ਹਨ ਕਿਉਂਕਿ ਬੇਹੱਦ ਦੀ ਵੈਰਾਗ ਵ੍ਰਿਤੀ ਨਾਲ ਨਸ਼ਟੋਮੋਹਾ ਸਮ੍ਰਿਤੀ ਸਵਰੂਪ ਬਣ ਜਾਂਦੇ ਹਨ। ਜੇਕਰ ਥੋੜ੍ਹਾ ਬਹੁਤ ਕੁਝ ਵੇਖ ਕੇ ਅੰਸ਼ ਮਾਤ੍ਰ ਵੀ ਹਲਚਲ ਹੁੰਦੀ ਹੈ ਜਾਂ ਮੋਹ ਉਤਪਣ ਹੁੰਦਾ ਹੈ ਤਾਂ ਅੰਗਦ ਦੇ ਸਮਾਨ ਅਚਲ - ਅਡੋਲ ਨਹੀਂ ਕਹਾਂਗੇ। ਬੇਹੱਦ ਦੀ ਵੈਰਾਗ ਵ੍ਰਿਤੀ ਵਿਚ ਗੰਭੀਰਤਾ ਦੇ ਨਾਲ ਰਮਨੀਕਤਾ ਵੀ ਸਮਾਈ ਹੋਈ ਹੈ।

ਸਲੋਗਨ:- ਰਾਜ ਅਧਿਕਾਰੀ ਦੇ ਨਾਲ - ਨਾਲ ਬੇਹੱਦ ਦੇ ਵੈਰਾਗੀ ਬਣਾਕੇ ਰਹਿਣਾ ਇਹ ਹੀ ਰਾਜਰਿਸ਼ੀ ਦੀ ਨਿਸ਼ਾਨੀ ਹੈ।

******

" ਮਤੇਸ਼ਵਰੀ ਜੀ ਦੇ ਅਨਮੋਲ ਮਹਾਵਾਕਿਆ "

ਆਤਮਾ ਕਦੇ ਪਰਮਾਤਮਾ ਦਾ ਅੰਸ਼ ਨਹੀਂ ਹੋ ਸਕਦੀ ਹੈ:- ਬਹੁਤ ਮਨੁੱਖ ਇਵੇਂ ਸਮਝਦੇ ਹਨ, ਅਸੀਂ ਆਤਮਾਵਾਂ ਪਰਮਾਤਮਾ ਦੀਆਂ ਅੰਸ਼ ਹਾਂ, ਹੁਣ ਅੰਸ਼ ਤਾਂ ਕਹਿੰਦੇ ਹਨ ਟੁਕੜੇ ਨੂੰ। ਇੱਕ ਪਾਸੇ ਕਹਿੰਦੇ ਹਨ ਪਰਮਾਤਮਾ ਅਨਾਦਿ ਅਤੇ ਅਵਿਨਾਸ਼ੀ ਹੈ, ਤਾਂ ਅਜਿਹੇ ਅਵਿਨਾਸ਼ੀ ਪ੍ਰਮਾਤਮਾ ਨੂੰ ਟੁਕੜੇ ਵਿੱਚ ਕਿਵੇਂ ਲਿਆਉਂਦੇ ਹਨ! ਹੁਣ ਪਰਮਾਤਮਾ ਕੱਟ ਕਿਵੇਂ ਹੋ ਸਕਦਾ ਹੈ, ਆਤਮਾ ਹੀ ਅਜਰ, ਅਮਰ ਹੈ, ਤਾਂ ਜਰੂਰ ਆਤਮਾ ਨੂੰ ਪੈਦਾ ਕਰਨ ਵਾਲਾ ਠਹਿਰਿਆ। ਅਜਿਹੇ ਅਮਰ ਪਰਮਾਤਮਾ ਨੂੰ ਟੁਕੜੇ ਵਿੱਚ ਲੈ ਆਉਣਾ ਗੋਇਆ ਪਰਮਾਤਮਾ ਨੂੰ ਵੀ ਵਿਨਾਸ਼ੀ ਕਹਿ ਦਿੱਤਾ ਪਰ ਅਸੀਂ ਤਾਂ ਜਾਣਦੇ ਹਾਂ ਕਿ ਅਸੀਂ ਆਤਮਾ ਪਰਮਾਤਮਾ ਦੀ ਸੰਤਾਨ ਹਾਂ। ਤਾਂ ਅਸੀਂ ਉਨ੍ਹਾਂ ਦੇ ਵੰਸ਼ਜ਼ ਠਹਿਰੇ ਮਤਲਬ ਬੱਚੇ ਠਹਿਰੇ ਉਹ ਫਿਰ ਅੰਸ਼ ਕਿਵੇਂ ਹੋ ਸਕਦੇ ਹਾਂ? ਇਸਲਈ ਪਰਮਾਤਮਾ ਦੇ ਮਹਾਵਾਕਿਆ ਹਨ ਕਿ ਬੱਚੇ, ਮੈਂ ਖ਼ੁਦ ਤਾਂ ਇਮਾਰਟਲ ਹਾਂ, ਜਗਦੀ ਜੋਤ ਹਾਂ, ਮੈਂ ਦੀਵਾ ਹਾਂ, ਮੈਂ ਕਦੇ ਬੁਝਦਾ ਨਹੀਂ ਹਾਂ ਹੋਰ ਸਾਰੇ ਮਨੁੱਖ ਆਤਮਾਵਾਂ ਦਾ ਦੀਵਾ ਜਗਦਾ ਵੀ ਹੈ ਤੇ ਬੁਝਦਾ ਵੀ ਹੈ। ਉਨ੍ਹਾਂ ਸਭਨਾਂ ਨੂੰ ਜਗਾਉਣ ਵਾਲਾ ਫਿਰ ਮੈਂ ਹਾਂ ਕਿਉਂਕਿ ਲਾਈਟ ਅਤੇ ਮਾਈਟ ਦੇਣ ਵਾਲਾ ਹਾਂ, ਬਾਕੀ ਇਤਨਾ ਜਰੂਰ ਹੈ ਮੇਰੀ ਪਰਮਾਤਮਾ ਦੀ ਲਾਈਟ ਅਤੇ ਆਤਮਾ ਦੀ ਲਾਈਟ ਦੋਵਾਂ ਵਿੱਚ ਫਰਕ ਜਰੂਰ ਹੈ। ਜਿਵੇਂ ਬਲਬ ਹੁੰਦਾ ਹੈ ਕੋਈ ਜਿਆਦਾ ਪਾਵਰ ਵਾਲਾ, ਕੋਈ ਘੱਟ ਪਾਵਰ ਵਾਲਾ ਹੁੰਦਾ ਹੈ, ਉਵੇਂ ਹੀ ਆਤਮਾ ਵੀ ਕੋਈ ਜਿਆਦਾ ਪਾਵਰ ਵਾਲੀ ਕੋਈ ਘੱਟ ਪਾਵਰ ਵਾਲੀ ਹੁੰਦੀ ਹੈ। ਬਾਕੀ ਪਰਮਾਤਮਾ ਦੀ ਪਾਵਰ ਕਿਸੇ ਤੋਂ ਘੱਟ ਵੱਧ ਨਹੀਂ ਹੁੰਦੀ ਹੈ ਤਾਂ ਹੀ ਤੇ ਪਰਮਾਤਮਾ ਦੇ ਲਈ ਕਹਿੰਦੇ ਹਨ। ਪਰਮਾਤਮਾ ਸ੍ਵਵਸ਼ਕਤੀਮਾਨ ਮਤਲਬ ਸ੍ਵ ਆਤਮਾਵਾਂ ਤੋਂ ਉਸ ਵਿੱਚ ਸ਼ਕਤੀ ਜ਼ਿਆਦਾ ਹੈ। ਉਹ ਹੀ ਸ੍ਰਿਸ਼ਟੀ ਦੇ ਅੰਤ ਵਿੱਚ ਆਉਂਦਾ ਹੈ, ਜੇਕਰ ਕੋਈ ਸਮਝੇ ਪਰਮਾਤਮਾ ਸ੍ਰਿਸ਼ਟੀ ਦੇ ਵਿਚਕਾਰ ਵੇਲੇ ਆਉਂਦਾ ਹੈ ਮਤਲਬ ਯੁਗੇ - ਯੁਗੇ ਆਉਂਦਾ ਹੈ ਤਾਂ ਜਿਵੇਂ ਪਰਮਾਤਮਾ ਮੱਧ ਵਿੱਚ ਆ ਗਿਆ ਤਾਂ ਫਿਰ ਪਰਮਾਤਮਾ ਸ੍ਵ ਤੋਂ ਸ੍ਰੇਸ਼ਠ ਕਿਵੇਂ ਹੋਇਆ। ਜੇਕਰ ਕੋਈ ਕਹੇ ਪਰਮਾਤਮਾ ਯੁਗੇ - ਯੁਗੇ ਆਉਂਦਾ ਹੈ, ਤਾਂ ਕੀ ਇਵੇਂ ਸਮਝੀਏ ਕਿ ਪਰਮਾਤਮਾ ਘੜੀ - ਘੜੀ ਆਪਣੀ ਸ਼ਕਤੀ ਚਲਾਉਂਦਾ ਹੈ। ਇਵੇਂ ਸ਼ਕਤੀਮਾਨ ਦੀ ਸ਼ਕਤੀ ਇੱਥੋਂ ਤੱਕ ਹੈ, ਜੇਕਰ ਮੱਧ ਵਿੱਚ ਹੀ ਆਪਣੀ ਸ਼ਕਤੀ ਨਾਲ ਸਭਨੂੰ ਸ਼ਕਤੀ ਅਤੇ ਸਦਗਤੀ ਦੇ ਦੇਵੇ ਤਾਂ ਉਨ੍ਹਾਂ ਦੀ ਸ਼ਕਤੀ ਕਾਇਮ ਹੋਣੀ ਚਾਹੀਦੀ ਹੈ ਫਿਰ ਦੁਰਗਤੀ ਨੂੰ ਕਿਉਂ ਪਾਉਂਦੇ ਹਨ? ਤਾਂ ਇਸ ਤੋਂ ਸਿੱਧ ਹੈ ਕਿ ਪਰਮਾਤਮਾ ਯੁਗੇ - ਯੁਗੇ ਨਹੀਂ ਆਉਂਦਾ ਹੈ ਮਤਲਬ ਵਿੱਚ - ਵਿੱਚ ਨਹੀਂ ਆਉਂਦਾ ਹੈ। ਉਹ ਆਉਂਦਾ ਹੈ ਕਲਪ ਦੇ ਅੰਤ ਸਮੇਂ ਅਤੇ ਇੱਕ ਹੀ ਵਾਰੀ ਆਪਣੀ ਸ਼ਕਤੀ ਨਾਲ ਸਭ ਦੀ ਸਦਗਤੀ ਕਰਦਾ ਹੈ। ਜਦੋਂ ਪਰਮਾਤਮਾ ਨੇ ਇੰਨੀ ਵੱਡੀ ਸਰਵਿਸ ਕੀਤੀ ਹੈ ਤਾਂ ਉਨ੍ਹਾਂ ਦਾ ਯਾਦਗਰ ਵੱਡਾ ਸ਼ਿਵਲਿੰਗ ਬਣਾਇਆ ਹੈ ਅਤੇ ਇਤਨੀ ਪੂਜਾ ਕਰਦੇ ਹਨ, ਤਾਂ ਜਰੂਰ ਪਰਮਾਤਮਾ ਸੱਤ ਵੀ ਹੈ, ਚੇਤੰਨ ਵੀ ਹੈ ਅਤੇ ਆਨੰਦ ਸਵਰੂਪ ਵੀ ਹੈ। ਅੱਛਾ - ਓਮ ਸ਼ਾਂਤੀ।

ਇਹ ਅਵਿਅਕਤ ਇਸ਼ਾਰੇ - "ਨਿਸ਼ਚੇ ਦੇ ਫਾਉਂਡੇਸ਼ਨ ਨੂੰ ਮਜ਼ਬੂਤ ਕਰ ਸਦਾ ਨਿਰਭੇ ਅਤੇ ਨਿਸ਼ਚਿੰਤ ਰਹੋ"

ਵਿਅਰਥ ਸੰਕਲਪ ਅਤੇ ਸੰਸ਼ੇ ਦੀ ਮਾਰਜਿਨ ਹੁੰਦੇ ਹੋਏ ਵੀ ਸਮਰੱਥ ਸੰਕਲਪ ਚੱਲਣ ਕਿ ਸਦਾ ਬਾਪ ਰਖਵਾਲਾ ਹੈ, ਕਲਿਆਣਕਾਰੀ ਹੈ। ਇਸ ਨਿਸ਼ਚੇ ਦੀ ਵਿਜੇ ਜਰੂਰੀ ਹੁੰਦੀ ਹੈ। ਤਾਂ ਕੁਵਸ਼ਚਨ ਮਾਰਕ ਦਾ ਟੇਡਾ ਰਸਤਾ ਨਾ ਲੈਕੇ ਸਦਾ ਕਲਿਆਣ ਦੀ ਬਿੰਦੀ ਲਗਾਓ। ਫੁਲਸਟਾਪ। ਇਸ ਵਿਧੀ ਨਾਲ ਹਰ ਗੱਲ ਸਹਿਜ ਵੀ ਹੋਵੇਗੀ ਅਤੇ ਸਿੱਧੀ ਵੀ ਪ੍ਰਾਪਤ ਹੋਵੇਗੀ।